## ਦੰਦਾਂ ਦੇ ਡਾਕਟਰਾਂ ਅਤੇ ਐਨਕ ਸਾਜਾਂ ਨੂੰ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਦੀ ਉਜਰਤ ਕਿਵੇਂ ਮਿਲਦੀ ਹੈ?

ਦੰਦਾਂ ਅਤੇ ਅੱਖਾਂ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਨੂੰ ਆਪਣਾ ਬਿਲ ਪੇਸ਼ ਕਰਦੇ ਹਨ ਜਿੱਥੋਂ ਉਨ੍ਹਾਂ ਦੇ ਇਸ ਬਿਲ ਦਾ ਸਿੱਧਾ ਭੁਗਤਾਨ ਕੀਤਾ ਜਾਂਦਾ ਹੈ

ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਹੇਠਲੇ ਹਾਲਾਤਾਂ ਵਿੱਚ ਸੇਵਾਵਾਂ ਦੇ ਬਿਲਾਂ ਲਈ ਜ਼ਿੰਮੇਵਾਰ ਨਹੀਂ ਹੈ:

- ਜੇ ਬਿਲ ਪ੍ਰੋਗਰਾਮ ਵਿੱਚ ਨਿਸ਼ਚਿਤ ਕੀਤੇ ਰੇਟ ਤੋਂ ਵੱਧ ਹੈ,
- ਜੇ ਬਿਲ ਸਾਲਾਨਾ ਮਹਿਦੂਦ ਕੀਤੀ ਰਕਮ ਤੋਂ ਵੱਧ ਹੈ,
- ਜੇ ਬਿਲ ਨਿਰਧਾਰਿਤ ਸਮੇਂ ਦੌਰਾਨ ਜਮ੍ਹਾਂ ਨਾ ਕਰਵਾਇਆ ਜਾਵੇ,
- ਜੇ ਬਿਲ ਵਿੱਚਲੀਆਂ ਸੇਵਾਵਾਂ ਪ੍ਰੋਗਰਾਮ ਦੇ ਅੰਤਰਗਤ ਨਾ ਹੋਣ; ਅਤੇ/ਜਾਂ,
- ਜੇ ਬੱਚੇ ਕੋਲ ਸਥਾਈ ਕਵਰੇਜ ਨਾ ਹੋਵੇ

## ਜ਼ਿਆਦਾ ਜਾਣਕਾਰੀ ਲਈ

ਜੇ ਤੁਹਾਨੂੰ ਆਪਣੇ ਐਮ.ਐੱਸ.ਪੀ ਪ੍ਰਿਮਿਅਮ ਵਿੱਚ ਸਹਾਇਤਾ ਮਿਲਦੀ ਹੈ ਤਾਂ ਆਪਣੇ ਦੰਦਾਂ ਦੇ ਡਾਕਟਰ ਜਾਂ ਐਨਕ ਸਾਜ ਨੂੰ ਸੰਪਰਕ ਕਰੋ

ਮਨਿਸਟਰੀ ਆਫ਼ ਐਮਪਲਾਇਮੈਂਟ ਐਂਡ ਇਨਕਮ ਅਸਿਸਟੈਂਸ ਨੂੰ ਸੰਪਰਕ ਕਰਨ ਲਈ ਫ਼ੋਨ ਨੰਬਰ:

- **1 866 866-0800**

***ਪਹਿਲਾਂ 4 ਦਬਾਉ ਫਿਰ 2***

ਜਾਂ ਫਿਰ ਪ੍ਰੋਗਰਾਮ ਸਬੰਧੀ ਜਾਣਕਾਰੀ ਤੱਕ ਪਹੁੰਚ ਕਰਨ ਲਈ ਮਨਿਸਟਰੀ ਦੀ ਵੈੱਬ-ਸਾਈਟ 'ਤੇ ਜਾਓ:

- **www.hsd.gov.bc.ca/bchealthykids/**

BRITISH COLUMBIA
The Best Place on Earth

# ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ

**BC Healthy Kids Program – Punjabi**

## ਬੱਚਿਆਂ ਲਈ ਇਸਦਾ ਕੀ ਮਤਲਬ ਹੈ



BRITISH COLUMBIA
The Best Place on Earth

Ministry of Housing and Social Development

## ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਕੀ ਹੈ?

ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਬੱਚਿਆਂ ਦੀ ਮੁਢਲੀ ਦੰਦਾਂ ਦੀ ਦੇਖਭਾਲ ਅਤੇ ਨਜ਼ਰ ਦੀਆਂ ਐਨਕਾਂ ਦੇ ਖਰਚੇ ਵਿੱਚ ਘੱਟ ਆਮਦਨ ਵਾਲੇ ਪਰਿਵਾਰਾਂ ਦੀ ਮੱਦਦ ਕਰਦਾ ਹੈ। ਇਸ ਪ੍ਰੋਗਰਾਮ ਦਾ ਫ਼ਾਇਦਾ ਆਪਣੇ ਮਾਤਾ-ਪਿਤਾ 'ਤੇ ਨਿਰਭਰ 19 ਵਰ੍ਹਿਆਂ ਤੋਂ ਘੱਟ ਉਮਰ ਦੇ ਉਹ ਬੱਚੇ ਲੈ ਸਕਦੇ ਹਨ ਜਿਨ੍ਹਾਂ ਨੂੰ ਕਿ ਮਨਿਸਟਰੀ ਆਫ਼ ਹੈਲਥ ਤੋਂ ਮੈਡੀਕਲ ਸਰਵਿਸਿਸ ਪਲੈਨ (ਐਮ.ਐੱਸ.ਪੀ.) ਪ੍ਰਿਮਿਅਮ ਲਈ ਸਹਾਇਤਾ ਮਿਲਦੀ ਹੈ।

## ਮੈਂ ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਲਈ ਕਿਵੇਂ ਅਰਜ਼ੀ ਦੇਵਾਂ?

ਜਿਹੜੇ ਪਰਿਵਾਰਾਂ ਨੂੰ ਐਮ.ਐੱਸ.ਪੀ. ਪ੍ਰਿਮਿਅਮ ਸਹਾਇਤਾ ਮਿਲਦੀ ਹੈ, ਉਨ੍ਹਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸਦੀ ਕਵਰੇਜ ਆਉਣ ਵਾਲੇ ਮਹੀਨੇ ਦੀ ਸ਼ੁਰੂਆਤ ਤੋਂ ਸ਼ੁਰੂ ਹੁੰਦੀ ਹੈ। ਇਸ ਲਈ ਰਜਿਸਟਰ ਕਰਨ ਲਈ ਕਿਸੇ ਅਲਗ ਅਰਜ਼ੀ ਦੀ ਲੋੜ ਨਹੀਂ ਹੈ।

ਐਮ.ਐੱਸ.ਪੀ. ਲਈ ਅਰਜ਼ੀ ਦੇਣ ਲਈ ਜ਼ਿਆਦਾ ਜਾਣਕਾਰੀ ਲਈ ਮਨਿਸਟਰੀ ਆਫ਼ ਹੈਲਥ ਨੂੰ ਸੰਪਰਕ ਕਰੋ: 604 683-7151 ਜਾਂ ਟੋਲ ਫ਼੍ਰੀ ਨੰਬਰ 1 800 663-7100. ਹੈਲਥ ਇਨਸ਼ੋਰੈਂਸ ਬੀ.ਸੀ. ਦੀ ਵੈੱਬ-ਸਾਈਟ www.HIBC.gov.bc.ca 'ਤੇ ਵੀ ਜਾਣਕਾਰੀ ਉਪਲੱਬਧ ਹੈ।

## ਬੀ.ਸੀ. ਹੈਲਥੀ ਕਿਡਜ਼ ਦੇ ਅਧੀਨ ਕੀ ਆਉਂਦਾ ਹੈ?

ਦੰਦਾਂ ਦੀ ਦੇਖਭਾਲ – ਬੱਚੇ ਦੰਦਾਂ ਦੀ $700 ਤੱਕ ਦੀਆਂ ਮੁੱਢਲੀਆਂ ਸੇਵਾਵਾਂ ਲੈ ਸਕਦੇ ਹਨ। ਇਸ ਕਵਰੇਜ ਵਿੱਚ ਦੰਦਾਂ ਦਾ ਨਰੀਖਣ, ਐਕਸ-ਰੇਅ, ਦੰਦ ਭਰਵਾਉਣ, ਸਾਫ਼ ਕਰਵਾਉਣ ਜਾਂ ਕਢਾਉਣ ਦੀਆਂ ਸੇਵਾਵਾਂ ਸ਼ਾਮਿਲ ਹਨ। ਤੁਹਾਡਾ ਦੰਦਾਂ ਦਾ ਡਾਕਟਰ ਤੁਹਾਨੂੰ ਇਸ ਬਾਰੇ ਦੱਸੇਗਾ ਕਿ ਹੋਰ ਕਿਹੜੀਆਂ ਸੇਵਾਵਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਜੇ ਬੱਚੇ ਦੀ ਸਾਲਾਨਾ ਮਹਿਦੂਦ ਕੀਤੀ ਰਕਮ ਵਰਤੀ ਜਾ ਚੁੱਕੀ ਹੈ ਤਾਂ ਦੰਦਾਂ ਦੀ ਐਮਰਜੰਸੀ ਦੀ ਸਥਿਤੀ ਵਿੱਚ ਦੇਖਭਾਲ ਵੀ ਉਪਲੱਬਧ ਹੈ। ਐਮਰਜੰਸੀ ਦੇਖਭਾਲ ਸਿਰਫ਼ ਪੀੜ ਨੂੰ ਤੁਰੰਤ ਰਾਹਤ ਪਹੁੰਚਾਉਣ ਲਈ ਹੁੰਦੀ ਹੈ।

ਐਨਕਾਂ ਸਬੰਧੀ – ਬੱਚੇ ਸਾਲ ਵਿੱਚ ਇੱਕ ਵਾਰ ਨਜ਼ਰ ਦੀਆਂ ਐਨਕਾਂ ਲੈ ਸਕਦੇ ਹਨ (ਲੈਨਜ਼ ਅਤੇ ਸਧਾਰਨ ਫਰੇਮ)। ਸਾਰੀਆਂ ਡਾਕਟਰੀ ਤਜਵੀਜ਼ਾਂ ਚਲੰਤ ਅਤੇ ਪ੍ਰੋਗਰਾਮ ਦੇ ਨਿਯਮਾਂ ਦੇ ਅਨੁਕੂਲ ਹੋਣੀਆਂ ਚਾਹੀਦੀਆਂ ਹਨ। ਜ਼ਿਆਦਾ ਜਾਣਕਾਰੀ ਤੁਹਾਡੇ ਐਨਕ ਸਾਜ ਤੋਂ ਮਿਲ ਸਕਦੀ ਹੈ। ਬੱਚਿਆਂ ਦੀਆਂ ਅੱਖਾਂ ਦੀ ਜਾਂਚ ਦਾ ਖਰਚਾ ਐਮ.ਐੱਸ.ਪੀ. ਵੱਲੋਂ ਅਦਾ ਕੀਤਾ ਜਾਂਦਾ ਹੈ।

ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਵੱਲੋਂ ਬੱਚਿਆਂ ਦੇ ਦੰਦਾਂ 'ਤੇ ਤਾਰਾਂ ਪਵਾਉਣ ਦਾ ਜਾਂ ਨਜ਼ਰ ਲਈ ਕੌਨਟੈਕਟ ਲੈਨਜ਼ ਦਾ ਖਰਚਾ ਨਹੀਂ ਦਿੱਤਾ ਜਾਂਦਾ।

## ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਅਧੀਨ ਸੇਵਾਵਾਂ ਤੱਕ ਮੈਂ ਕਿਵੇਂ ਪਹੁੰਚ ਕਰਾਂ?

ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਅਧੀਨ ਸੇਵਾਵਾਂ ਦੀ ਵਰਤੋਂ ਕਰਨ ਲਈ ਤੁਹਾਨੂੰ ਆਪਣੇ ਬੱਚੇ ਦਾ ਬੀ.ਸੀ. ਕੇਅਰ ਕਾਰਡ ਦੰਦਾਂ ਦੇ ਡਾਕਟਰ ਜਾਂ ਐਨਕ ਸਾਜ ਨੂੰ ਦਿਖਾਉਣਾ ਪਵੇਗਾ

ਹਰ ਅਪੁਆਇੰਟਮੈਂਟ ਤੋਂ ਪਹਿਲਾਂ ਤੁਹਾਡੇ ਦੰਦਾਂ ਦੇ ਡਾਕਟਰ ਜਾਂ ਐਨਕ ਸਾਜ ਦੇ ਦਫ਼ਤਰ ਵੱਲੋਂ ਪ੍ਰੋਗਰਾਮ ਦੇ ਕੌਨਟਰੈਕਟਰ ਤੋਂ ਕਵਰੇਜ ਦੀ ਪੁਸ਼ਟੀ ਲਈ ਜਾਵੇਗੀ।

## ਮੇਰਾ ਬੱਚਾ ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਤੋਂ ਕਦੋਂ ਤੱਕ ਫਾਇਦਾ ਲੈ ਸਕਦਾ ਹੈ?

ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਦਾ ਫਾਇਦਾ ਬੱਚੇ ਉਦੋਂ ਤੱਕ ਲੈ ਸਕਦੇ ਹਨ ਜਦੋਂ ਤੱਕ ਉਨ੍ਹਾਂ ਦੇ ਮਾਤਾ-ਪਿਤਾ ਦੀ ਐਮ.ਐੱਸ.ਪੀ. ਪ੍ਰਿਮਿਅਮ ਸਹਾਇਤਾ ਜਾਰੀ ਰਹਿੰਦੀ ਹੈ ਅਤੇ ਨਿਰੰਤਰ ਚਲਦੀ ਰਹਿੰਦੀ ਹੈ। ਬੱਚਿਆਂ ਨੂੰ ਉਸ ਮਹੀਨੇ ਸਣੇ ਉਦੋਂ ਤੱਕ ਕਵਰੇਜ ਦਿੱਤੀ ਜਾਂਦੀ ਹੈ ਜਦੋਂ ਤੱਕ ਉਹ 19 ਵਰ੍ਹਿਆਂ ਦੇ ਨਹੀਂ ਹੋ ਜਾਂਦੇ। ਤੁਹਾਡੇ ਪਰਿਵਾਰ ਦੀ ਐਮ.ਐੱਸ.ਪੀ. ਪ੍ਰਿਮਿਅਮ ਸਹਾਇਤਾ ਵਾਲੀ ਕਵਰੇਜ ਵਿੱਚ ਆਈਆਂ ਤਬਦੀਲੀਆਂ ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਅਧੀਨ ਤੁਹਾਡੇ ਬੱਚੇ ਦੀ ਕਵਰੇਜ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

## ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਅਧੀਨ ਸੇਵਾਵਾਂ ਕੌਣ ਪ੍ਰਦਾਨ ਕਰਦਾ ਹੈ?

ਇਲਾਜ ਸ਼ੁਰੂ ਕਰਵਾਉਣ ਤੋਂ ਪਹਿਲਾਂ ਇਹ ਪੱਕਾ ਕਰੋ ਕਿ ਤੁਹਾਡਾ ਦੰਦਾਂ ਦਾ ਡਾਕਟਰ ਜਾਂ ਤੁਹਾਡਾ ਐਨਕ ਸਾਜ ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਅਧੀਨ ਸੇਵਾਵਾਂ ਪ੍ਰਦਾਨ ਕਰਦੇ ਹਨ ਜਾਂ ਨਹੀਂ।
ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਵੱਲੋਂ ਸਹਿਯੋਗੀ ਦੰਦਾਂ ਦੇ ਡਾਕਟਰਾਂ/ਐਨਕ ਸਾਜਾਂ ਦੀ ਲਿਸਟ ਨਹੀਂ ਰੱਖੀ ਜਾਂਦੀ। ਕਿਹੜੇ ਦੰਦਾਂ ਦੇ ਡਾਕਟਰ ਜਾਂ ਐਨਕ ਸਾਜਾਂ ਵੱਲੋਂ ਬੀ.ਸੀ. ਹੈਲਥੀ ਕਿਡਜ਼ ਅਧੀਨ ਬੱਚਿਆਂ ਨੂੰ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਇਹ ਪਤਾ ਕਰਨਾ ਮਾਤਾ-ਪਿਤਾ ਦਾ ਕੰਮ ਹੈ।

ਜ਼ਰੂਰੀ: ਦੰਦਾਂ ਦੇ ਡਾਕਟਰ ਜਾਂ ਐਨਕ ਸਾਜਾਂ ਦੀਆਂ ਸੇਵਾਵਾਂ ਲੈਣ ਤੋਂ ਪਹਿਲਾਂ ਇਹ ਪਤਾ ਕਰੋ ਕਿ ਕੀ ਬੀ.ਸੀ. ਹੈਲਥੀ ਕਿਡਜ਼ ਪ੍ਰੋਗਰਾਮ ਵੱਲੋਂ ਦਿੱਤੇ ਜਾ ਰਹੇ ਪੈਸਿਆਂ ਤੋਂ ਇਲਾਵਾ ਕੀ ਤੁਹਾਨੂੰ ਵਾਧੂ ਪੈਸੇ ਅਦਾ ਕਰਨੇ ਪੈਣਗੇ।